# ਪੰਜਾਬ ਐਜੂਸੈਟ ਸੁਸਾਇਟੀ

ਡਾਇਰੈਕਟਰ ਜਨਰਲ ਸਕੂਲ ਸਿੱਖਿਆ,
ਪੰਜਾਬ ਸਕੂਲ ਸਿੱਖਿਆ ਬੋਰਡ, ਪਹਿਲੀ ਮੰਜ਼ਿਲ
ਈ.ਬਲਾਕ, ਫੇਜ਼-8, ਮੁਹਾਲੀ, ਸੈਕਟਰ-62, ਸਾਹਿਬਜਾਦਾ ਅਜੀਤ ਸਿੰਘ ਨਗਰ-160062
ਫੋਨ ਨੰ. 0172-5218801, ਈ-ਮੇਲ: edusat.punjab@punjabeducation.gov.in

ਯਾਦ-ਪੱਤਰ-1

ਵੱਲ,

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਪੰਜਾਬ ।

ਮੀਮੋ ਨੰ:24/24/2008/ਪੀ.ਈ.ਐਸ/ਆਰ.ਓ.ਟੀ/ਈ-ਲੈਬ/ਕੰਪਲੇਂਟਸ/37594

ਮਿਤੀ: 23ਅਗਸਤ 2018

**ਵਿਸ਼ਾ: ਐਜੂਸੈਟ ਅਧੀਨ ਸਥਾਪਿਤ ਕੀਤੇ ਗਏ ਉਪਕਰਨ (ਆਰ.ਓ.ਟੀ) ਦੀ ਰਿਪੇਅਰ/ਮੇਂਟੇਨੈਂਸ ਕਰਵਾਉਣ ਸਬੰਧੀ।**

**ਹਵਾਲਾ:** ਪੱਤਰ ਨੰ.24/24/2008/ਪੀ.ਈ.ਐਸ/ਆਰ.ਓ.ਟੀ/ਈ-ਲੈਬ/ਕੰਪਲੈਂਟਸ/2995 (ਮਿਤੀ:05.03.18) ਅਤੇ ਪੱਤਰ ਨੰ. 4483 (ਮਿਤੀ: 22.03.2018) ਦੀ ਲਗਾਤਾਰਤਾ ਵਿੱਚ।

1.0 ਹਵਾਲਾ ਅਧੀਨ ਪੱਤਰ ਰਾਹੀਂ ਪੰਜਾਬ ਐਜੂਸੈਟ ਸੁਸਾਇਟੀ ਅਧੀਨ 3288 ਸਰਕਾਰੀ ਹਾਈ/ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਲੱਗੇ ਉਪਕਰਨ (ਆਰ.ਓ.ਟੀ) ਦੀ ਰਿਪੇਅਰ/ਮੇਂਟੇਨੈਂਸ ਕਰਵਾਉਣ ਦੇ ਲਈ ਪ੍ਰਤੀ ਸਕੂਲ ਰੁਪਏ 3000/- ਦੇ ਹਿਸਾਬ ਨਾਲ ਕੁੱਲ ਰੁਪਏ 98,64,000/- ਦੀ ਰਾਸ਼ੀ ਸਮੂਹ ਜ਼ਿਲਾ ਸਿੱਖਿਆ ਅਫਸਰ (ਸੈ.ਸਿ.) ਦੇ ਅਕਾਊਂਟ ਨੰਬਰਾਂ ਵਿੱਚ ਜਿਲ੍ਹਾ-ਵਾਇਜ ਜਾਰੀ ਕੀਤੀ ਗਈ ਸੀ।

2.0 ਉਕਤ ਅਨੁਸਾਰ ਆਪ ਨੂੰ ਲਿੱਖਿਆ ਜਾਂਦਾ ਹੈ ਕਿ ਉਪਰੋਕਤ ਟਰਾਂਸਫਰ ਕੀਤੀ ਰਾਸ਼ੀ ਸਬੰਧਤ ਸਕੂਲਾਂ ਵੱਲੋ ਖਰਚਣ ਉਪਰੰਤ ਮੂਲ ਬਿੱਲਾਂ ਦੀਆਂ ਤਸਦੀਕਸ਼ੁਦਾ ਫੋਟੋ ਕਾਪੀਆਂ ਇਕੱਠੀਆਂ ਕਰਕੇ ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਦਫਤਰ ਵੱਲੋ ਸੰਕਲਿਤ ਰੂਪ (Consolidated) ਵਿੱਚ ਸਕੂਲ ਵਾਇਜ਼ ਵੇਰਵੇ ਸਮੇਤ ਮਿਤੀ 31.08.2018 ਤੱਕ PDF Format ਵਿੱਚ ਇਸ ਦਫਤਰ ਨੂੰ ਭੇਜਣੀਆਂ ਯਕੀਨੀ ਬਣਾਈਆ ਜਾਣ। ਕਿਉਂਕਿ ਏ.ਜੀ ਪੰਜਾਬ ਅਤੇ ਵਿੱਤ ਵਿਭਾਗ ਪੰਜਾਬ ਵੱਲੋਂ ਉਪਰੋਕਤ ਭੇਜੀ ਗਈ ਰਾਸ਼ੀ ਦੇ ਸਬੰਧ ਵਿਚ DC Bills ਦੀ ਮੰਗ ਬਾਰ-ਬਾਰ ਕੀਤੀ ਜਾ ਰਹੀਂ ਹੈ। ਉਪਰੋਕਤ ਰਿਕਾਰਡ ਦੇਰੀ ਨਾਲ ਭੇਜਣ ਦੀ ਜਿੰਮੇਵਾਰੀ ਆਪ ਦੀ ਹੋਵੇਗੀ।

ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ
ਪੰਜਾਬ ਐਜੂਸੈਟ ਸੁਸਾਇਟੀ

ਪਿ.ਅੰ.ਨੰ. 24/24/2008/ਪੀ.ਈ.ਐਸ/ਆਰ.ਓ.ਟੀ/ਈ-ਲੈਬ/ਕੰਪਲੈਂਟਸ/ 37595 ਮਿਤੀ: 23-08-18

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1. ਸਮੂਹ ਜਿਲ੍ਹਾ ਐਜੂਸੈਟ ਕੋਆਰਡੀਨੇਟਰ ਇਹ ਸੁਨਿਸ਼ਚਿਤ ਕਰਨ ਕਿ ਦਿੱਤੀ ਗਰਾਂਟ ਦੀ ਵਰਤੋ ਆਰ.ਓ.ਟੀ ਦੀ ਰਿਪੇਅਰ/ਮੇਂਟੇਨੈਂਸ ਲਈ ਹੀ ਕੀਤੀ ਜਾਵੇ ਅਤੇ ਹਰ ਸਕੂਲ ਦਾ ਰਿਕਾਰਡ ਆਪਣੇ ਕੋਲ ਰੱਖਿਆ ਜਾਵੇ ਤਾ ਜੋ ਦਿੱਤੇ ਅਡਵਾਂਸ ਨੂੰ ਸੁਸਾਇਟੀ ਦੀ ਬੁਕਸ ਵਿੱਚ ਅਡਜਸਟ ਕੀਤਾ ਜਾ ਸਕੇ। ਉਪਰੋਕਤ ਸਬੰਧੀ ਸਮੂਹ ਜਿਲ੍ਹਾ ਐਜੂਸੈਟ ਕੋਆਰਡੀਨੇਟਰਾਂ ਨਾਲ ਮਿਤੀ 15.05.2018, 27.06.2018 ਅਤੇ 06.08.2018 ਨੂੰ ਹੋਈਆਂ ਵਰਕਸ਼ਾਪਾਂ/ਮੀਟਿੰਗਾਂ ਵਿਚ ਵੀ ਜੁਬਾਨੀ ਹਦਾਇਤਾਂ ਜਾਰੀ ਕੀਤੀਆਂ ਗਈਆ ਸਨ।
2. ਡੀ.ਐਮ (ਐਮ.ਆਈ.ਐਸ) ਨੂੰ ਤੁਰੰਤ ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਦੇ ਨੋਟਿਸ ਬੋਰਡ ਅਤੇ ਵੈਬਸਾਈਟ ਤੇ ਅੱਪਲੋਡ ਕਰਾਉਣ ਹਿੱਤ।

ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ
ਪੰਜਾਬ ਐਜੂਸੈਟ ਸੁਸਾਇਟੀ